**©Rajasthali Journal** ISSN 2583-1720
Received: Feb '22
Revised:
Accepted: Feb '22
© 2022 by the authors. This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/).

# ਮਾਸਟਰ ਅਮਰੀਕ ਸਿੰਘ ਦੀਆਂ ਕਵਿਤਾਵਾਂ ਵਿੱਚ ਵਰਤੇ ਛੰਦ, ਅਲੰਕਾਰ ਅਤੇ ਰਸ

## DIFFIRENT GENRE, FIGURE OF SPEECH AND VERSE OF AMRIK SINGH'S POETRY

**Kingpal Singh**
Research Scholar, Tantia University, Sri Ganganagar (Rajasthan)
E-mail: kjidhaliwal@gmail.com

*ABSTRACT*

*ਮਾਸਟਰ ਅਮਰੀਕ ਸਿੰਘ ਜੀ ਨੇ ਆਪਣੀਆਂ ਰਚਨਾਵਾਂ ਵਿੱਚ ਭਾਰਤੀ ਛੰਦ-ਵਿਧਾਨ ਨੂੰ ਜਿੱਥੇ ਗੌਣ ਰੂਪ ਵਿੱਚ ਅਪਣਾਇਆ ਹੈ, ਉੱਥੇ ਸਾਮੀ ਅਰੂਜ਼ ਨੂੰ ਵੀ ਅਪਣਾਇਆ ਹੈ। ਉਸ ਨੇ ਰਚਨਾਵਾਂ ਦਾ ਘੇਰਾ ਛੰਦ-ਬੰਦੀ ਵਿੱਚ ਹੀ ਨਹੀਂ ਬਲਕਿ ਹਰਕਤ, ਮਿਸ਼ਰਾ, ਸ਼ੇਅਰ ਅਤੇ ਰੁਕਨ ਦੇ ਪ੍ਰਭਾਵ ਅਧੀਨ ਵੀ ਰਚਿਆ ਹੈ। ਉਸ ਨੇ ਮਾਤ੍ਰਿਕ ਛੰਦਾਂ ਦੀ ਜਗ੍ਹਾ ਵਰਣਿਕ ਛੰਦਾਂ ਦੇ ਪ੍ਰਭਾਵ ਨੂੰ ਜ਼ਿਆਦਾ ਕਬੂਲਿਆ ਹੈ। ਕਵੀ ਨੇ ਸਪਸ਼ੱਟ ਰੂਪ ਵਿੱਚ ਅਲੰਕਾਰਾਂ ਨੂੰ ਅਪਨਾਉਣ ਦੇ ਲਿਹਾਜ਼ ਵੱਜੋਂ ਲੋੜ ਤੋਂ ਵਧੇਰੇ ਇਸ ਦੀ ਵਰਤੋਂ ਵੱਲ ਜ਼ੋਰ ਨਹੀਂ ਦਿੱਤਾ ਹੈ। ਉਸਦੀਆਂ ਰਚਨਾਵਾਂ ਵਿੱਚ ਸਰਲਤਾ ਦੇ ਅੰਸ਼ ਹਨ। ਉਸ ਨੇ ਰਸ ਸਿਧਾਂਤ ਨੂੰ ਪੂਰਨ ਰੂਪ ਵਿੱਚ ਅਪਣਾਇਆ ਹੈ ਅਤੇ ਆਪਣੀਆਂ ਰਚਨਾਵਾਂ ਨੂੰ ਰਸ ਵਿਭੋਰ ਬਣਾਇਆ ਹੈ। ਉਸ ਨੇ ਸ਼ਿੰਗਾਰ ਰਸ ਨੂੰ ਤਵੱਜੋ ਦਿੱਤੀ ਹੈ, ਪਰ ਸ਼ਿੰਗਾਰ ਰਸ ਦੇ ਨਾਲ-ਨਾਲ ਹਾਸ-ਰਸ, ਕਰੁਣਾ ਰਸ, ਰੌਦਰ ਰਸ ਅਤੇ ਵੀਰ ਰਸ ਨੂੰ ਕਵਿਤਾਵਾਂ ਦੀ ਆਤਮਾ ਵਿੱਚ ਸ਼ਾਮਿਲ ਕੀਤਾ ਹੈ। ਇਸ ਤਰ੍ਹਾਂ ਕਰਦੇ ਹੋਏ ਕਵੀ ਕਾਵਿ ਰਚਨਾਵਾਂ ਨੂੰ ਪਾਠਕ ਦੇ ਨਜ਼ਰੀਏ ਤੋਂ ਆਨੰਦਮਈ ਬਣਾ ਦਿੰਦਾ ਹੈ।*

*Master Amrik Singh ji has adopted in his poetry Indian prosody in a secondary form and also Sami Aruz. He has created a circle of compositions not only in prosody but also under the influence of Harkat, Mishra, Shayre and Rukan. He has accepted the influence of alphabetic verses instead of metrical verses. The poet does not explicitly emphasize the use of metaphors as a means of adopting them. There are elements of simplicity in his works. He has fully adopted the principle of Genre (Ras) and has made his creations Ras Vibhor. He has focused on Shingar Ras, but along with Shingar Ras, he has included Haas-Ras, Karuna Ras, Roudar Ras and Veer Ras in the spirit of the poems. In doing so, the poet makes the poems enjoyable from the point of view of the reader.*

**ਕੀਵਰਡ**: ਪੰਜਾਬੀ ਕਾਵਿ, ਛੰਦ, ਅਲੰਕਾਰ, ਰਸ।

**Keywords:** Punjabi poetry, Genre (Ras), Figure of Speech (alankar), Verse (Chhand).

### ਜਾਣ-ਪਛਾਣ

ਮਾਸਟਰ ਜੀ ਦੀ ਪੰਜਾਬੀ ਸਾਹਿਤ ਨੂੰ ਦੇਣ ਸ਼ਲਾਘਾਯੋਗ ਹੈ। ਕਾਵਿ-ਰਚਨਾਵਾਂ ਅਧੀਨ ਮਾਸਟਰ ਜੀ ਦੀ ਪ੍ਰਤਿਭਾ ਦਾ ਕੋਈ ਸਾਨੀ ਨਹੀਂ ਹੈ। ਸਮਾਜਿਕ, ਧਾਰਮਿਕ, ਪਰਿਵਾਰਿਕ, ਆਰਥਿਕ ਅਤੇ ਰਜਨੀਤਿਕ ਪਰਿਪੇਖ ਵਿੱਚੋਂ ਉਭਰਦੀਆਂ ਉਸਦੀਆਂ ਕਵਿਤਾਵਾਂ ਵਿੱਚ ਪਾਠਕ ਨੂੰ ਆਪਣੇ ਨਾਲ ਜੋੜਨ ਦੀ ਅਲੌਕਿਕ ਸ਼ਕਤੀ ਹੈ। ਨਾਮਧਾਰੀ ਦਰਬਾਰ ਵਿੱਚ ਉਹਨਾਂ ਦੀਆਂ ਰਚਨਾਵਾਂ ਨੂੰ ਸਤਿਕਾਰ ਦੀ ਨਜ਼ਰ ਪ੍ਰਾਪਤ ਹੈ, ਜਿਸਦਾ ਪੂਰਾ ਸ਼੍ਰੇਅ ਉਹ ਆਪਣੇ ਇਸ਼ਟ ਸਤਿਗੁਰੂ ਨੂੰ ਦਿੰਦੇ ਹਨ। ਪੰਜਾਬੀ ਪਾਠਕਾਂ ਦਾ ਵੀ ਮਾਸਟਰ ਜੀ ਦੀਆਂ ਰਚਨਾਵਾਂ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਮਾਸਟਰ ਅਮਰੀਕ ਸਿੰਘ ਦੇ ਜੀਵਨ ਵਿੱਚ ਆਉਂਦੇ ਉਤਾਰ-ਚੜ੍ਹਾਵ ਕਿਸੇ ਆਮ ਇਨਸਾਨ ਦੇ ਜੀਵਨ ਵਾਂਗ ਹੀ ਹਨ।

ਮਾਸਟਰ ਅਮਰੀਕ ਸਿੰਘ ਜੀ ਨੇ ਹੁਣ ਤੱਕ ਕੁੱਲ 17 ਪੁਸਤਕਾਂ ਕਾਵਿ-ਸਾਹਿਤ ਦੀ ਝੋਲੀ ਪਾਈਆਂ ਹਨ, ਜਿਨ੍ਹਾਂ ਦੇ ਨਾਮ ਹਨ : 'ਪਹਿਲਾ ਉਭਾਰ' (1960), 'ਪੰਖੜੀਆਂ' (1964), 'ਗ਼ਮ ਦੀ ਮਹਿਕ' (1988), 'ਦਰਦ ਦਾ ਅਹਿਸਾਸ' (1990), 'ਮਿੱਠੀਆਂ ਮਿਰਚਾਂ' (1992), 'ਜਿਨ ਮਾਰਗ ਦੀਆ ਬਤਾਇ' (1994), 'ਸਾਚੀ ਤੇਰੀ ਸਿਫ਼ਤਿ' (1995), 'ਸ਼ੇਅਰਾਂ ਦਾ ਸ਼ਿਰਜਾ' (2000), 'ਗੁਰ-ਗੀਤਾਵਲੀ' (2002), 'ਖਟ-ਮਿੱਠੀਆਂ ਮੁਸਕਾਨਾਂ' (2007), 'ਗੁਰ-ਗੀਤਾਂਜਲੀ' (2009), 'ਦਿਲ ਦੀਆਂ ਗੱਲਾਂ ਗ਼ਜ਼ਲਾਂ ਬਣੀਆਂ' (2010), 'ਪੁਸਤਕ ਏਕ ਰੰਗ ਅਨੇਕ' (2011) 'ਸ੍ਰੀ ਰਾਮ ਚਰਿਤ ਮਾਨਸ' (ਪੰਜਾਬੀ ਕਾਵਿ ਅਨੁਵਾਦ) (2012), 'ਸ੍ਰੀ ਮਹਾਂਭਾਰਤ' (ਪੰਜਾਬੀ ਕਾਵਿ ਅਨੁਵਾਦ) (2016), 'ਗੁਰ ਸਿਫ਼ਤਾਂਜਲੀ' (2019), 'ਦਰਸ਼ਨੁ ਭੇਟਤ ਹੋਤ ਨਿਹਾਲ' (2019)।

### ਅਧਿਐਨ ਕਾਰਜ ਦੀ ਸਾਰਥਿਕਤਾ

ਅਧਿਐਨ ਸ਼ਬਦ ਪੰਜਾਬੀ ਭਾਸ਼ਾ ਸਾਹਿਤ ਅਤੇ ਸੱਭਿਆਚਾਰ ਅੰਦਰ ਅੰਗ੍ਰੇਜ਼ੀ ਭਾਸ਼ਾ ਦੇ ਸ਼ਬਦ 'ਰਿਸਰਚ' ਦੇ ਅਰਥਾਂ ਦਾ ਧਾਰਨੀ ਬਣਿਆ ਹੈ। ਅਧਿਐਨ ਕਾਰਜ ਚੁਣੇ ਗਏ ਕਿਸੇ ਵੀ ਵਿਸ਼ੇ ਬਾਰੇ ਬੌਧਿਕ ਜਿਗਿਆਸਾ ਨੂੰ ਸੰਤੁਸ਼ਟ ਕਰਨ ਦਾ ਗੰਭੀਰ ਯਤਨ ਹੁੰਦਾ ਹੈ। ਇਸ

ਯਤਨ ਨਾਲ ਪ੍ਰਾਪਤ ਹੋਈ ਸੂਚਨਾ ਨੂੰ ਪ੍ਰਯੋਗ ਕਰਕੇ ਕਿਸੇ ਸਵਾਲ ਦਾ ਜਵਾਬ ਲੱਭਿਆ ਜਾ ਸਕਦਾ ਹੈ, ਕਿਸੇ ਦੇ ਹਿੱਤ ਲਈ ਪ੍ਰਯੋਗ ਵਿੱਚ ਲਿਆਂਦਾ ਜਾ ਸਕਦਾ ਹੈ ਜਾਂ ਫਿਰ ਕਿਸੇ ਸਮੱਸਿਆ ਦਾ ਸਮਾਧਾਨ ਕੀਤਾ ਜਾ ਸਕਦਾ ਹੈ। ਅਧਿਐਨ ਮਨੁੱਖ ਦੇ ਗਿਆਨ ਵਿੱਚ ਵਾਧਾ ਕਰਦੀ ਹੈ ਅਤੇ ਉਸਦੀ ਸੋਚ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦੀ ਹੈ। ਅਸਲ ਵਿੱਚ ਅਧਿਐਨ ਇਸ ਤਰਾਂ ਦਾ ਹੋਣਾ ਚਾਹੀਦਾ ਹੈ ਜੋ ਆਉਣ ਵਾਲੇ ਵਿਦਿਆਰਥੀਆਂ ਅਤੇ ਖੋਜਾਰਥੀਆਂ ਦੇ ਹਿੱਤ ਵਿੱਚ ਹੋ ਸਕੇ ਅਤੇ ਉਹਨਾਂ ਦੇ ਸਵਾਲਾਂ ਦੇ ਹੱਲ ਦੇਣ ਦੇ ਨਾਲ-ਨਾਲ ਉਹਨਾਂ ਲਈ ਅਧਿਐਨ ਦੇ ਅਗਲੇ ਪੜਾਵ ਉੱਤੇ ਪੁੱਜਣ ਵਿੱਚ ਸਹਾਇੱਕ ਵੀ ਸਾਬਿਤ ਹੋਵੇ।

ਹਥਲੇ ਖੋਜ ਪਰਚੇ ਵਿੱਚ ਮਾਸਟਰ ਅਮਰੀਕ ਸਿੰਘ ਦੀਆਂ ਕਵਿਤਾਵਾਂ ਵਿੱਚ ਵਰਤੇ ਗਏ ਛੰਦ, ਅਲੰਕਾਰ ਅਤੇ ਰਸ ਸਬੰਧੀ ਚਰਚਾ ਕੀਤੀ ਗਈ ਹੈ। ਹਥਲੇ ਅਧਿਐਨ ਕਾਰਜ ਦਾ ਮਹੱਤਵ ਇਹ ਹੈ ਕਿ ਇੱਕ ਅਜਿਹੇ ਸਾਹਿਤਿਕ ਵਿਅਕਤੀ ਅਤੇ ਸਾਹਿਤਿਕ ਰਚਨਾਵਾਂ ਨੂੰ ਪੰਜਾਬੀ ਸਾਹਿਤ ਜਗਤ ਦੇ ਸਨਮੁੱਖ ਕਰਨਾ ਹੈ ਜੋ ਭਾਵੇਂ ਵਸਦਾ ਤਾਂ ਪੰਜਾਬ ਤੋਂ ਬਾਹਰ ਹੈ ਪਰ ਉਸਦੀ ਰੂਹ ਹਮੇਸ਼ਾ ਪੰਜਾਬੀ ਸਾਹਿਤ ਲਈ ਕੁਝ ਅਜਿਹੇ ਯਤਨ ਕਰਨਾ ਟੋਲਦੀ ਹੈ, ਜਿਸ ਨਾਲ ਪੰਜਾਬੀ ਸਾਹਿਤ ਨੂੰ ਇੱਕ ਨਵੀਂ ਦਿਸ਼ਾ ਅਤੇ ਤਵੱਜੋ ਮਿਲ ਸਕੇ।

### ਅਧਿਐਨ ਕਾਰਜ ਦੇ ਉਦੇਸ਼

1. ਮਾਸਟਰ ਅਮਰੀਕ ਸਿੰਘ ਦੀਆਂ ਕਵਿਤਾਵਾਂ ਵਿੱਚ ਵਰਤੇ ਗਏ ਛੰਦਾਂ ਬਾਰੇ ਜਾਣਕਾਰੀ।
2. ਮਾਸਟਰ ਅਮਰੀਕ ਸਿੰਘ ਦੀਆਂ ਕਵਿਤਾਵਾਂ ਵਿੱਚ ਵਰਤੇ ਗਏ ਅਲੰਕਾਰਾਂ ਬਾਰੇ ਜਾਣਕਾਰੀ।
3. ਮਾਸਟਰ ਅਮਰੀਕ ਸਿੰਘ ਦੀਆਂ ਕਵਿਤਾਵਾਂ ਵਿੱਚ ਵਰਤੇ ਗਏ ਰਸ ਬਾਰੇ ਜਾਣਕਾਰੀ।

### ਮਾਸਟਰ ਅਮਰੀਕ ਸਿੰਘ ਦੀਆਂ ਕਵਿਤਾਵਾਂ ਵਿੱਚ ਵਰਤੇ ਗਏ ਛੰਦ

ਮਾਸਟਰ ਅਮਰੀਕ ਸਿੰਘ ਦੀ ਕਾਵਿ-ਸ਼ੈਲੀ ਨੂੰ ਛੰਦਾਂ ਦੀ ਕਸੌਟੀ 'ਤੇ ਪਰਖਣ ਲੱਗੇ ਇਹ ਸਪਸ਼ੱਟ ਹੁੰਦਾ ਹੈ ਕਿ ਮਾਸਟਰ ਅਮਰੀਕ ਸਿੰਘ ਨੇ ਆਪਣੀਆਂ ਰਚਨਾਵਾਂ ਨੂੰ ਭਾਰਤੀ ਛੰਦ-ਵਿਧਾਨ ਅਤੇ ਸਾਮੀ ਅਰੂਜ਼ ਦੇ ਵਿਚਕਾਰ ਰੱਖਿਆ ਹੈ। ਉਹਨਾਂ ਦੀਆਂ ਰਚਨਾਵਾਂ ਵਿਚਲਾ ਛੰਦ-ਪ੍ਰਬੰਧ ਸਧਾਰਨ ਰੂਪ ਵਾਲੀਆਂ ਕਾਵਿ ਰਚਨਾਵਾਂ ਨਾਲ ਮੇਲ ਖਾਂਦਾ ਹੈ। ਕਵਿਤਾਵਾਂ ਦੀ ਜੜ੍ਹਤ ਛੰਦ-ਵਿਧਾਨ ਅਨੁਸਾਰ ਵੀ ਕੀਤੀ ਗਈ ਹੈ ਅਤੇ ਸਾਮੀ-ਅਰੂਜ਼ ਦੇ ਪ੍ਰਭਾਵ ਅਧੀਨ ਵੀ ਕਵੀ ਦੀਆਂ ਰਚਨਾਵਾਂ ਵਿਚਰਦੀਆਂ ਹਨ। ਕਵੀ ਨੇ ਕਿਸੇ ਇੱਕ ਸ਼ੈਲੀ ਵਿੱਚ ਬੱਝ ਕੇ ਰਚਨਾਵਾਂ ਨਹੀਂ ਰਚੀਆਂ ਹਨ। ਕਵੀ ਨੇ ਆਪਣੀਆਂ ਰਚਨਾਵਾਂ ਵਿੱਚ ਗ਼ਜ਼ਲਾਂ ਅਤੇ ਗੀਤਾਂ ਨੂੰ ਅਹਿੰਮ ਸਥਾਨ ਦਿੱਤਾ ਹੈ, ਜਿੱਥੇ ਉਹ ਸਾਮੀ-ਅਰੂਜ਼ ਦੇ ਅਧੀਨ ਹੁੰਦਾ ਹੋਇਆ ਪ੍ਰਤੀਤ ਹੁੰਦਾ ਹੈ ਅਤੇ ਦੂਜੇ ਪਾਸੇ ਹੀ ਬਾਰਾਮਾਂਹ ਅਤੇ ਵਾਰ ਜਿਹੀਆਂ ਰਚਨਾਵਾਂ ਵਿੱਚ ਉਹ ਭਾਰਤੀ ਛੰਦ-ਵਿਧਾਨ ਦੇ ਨਿਯਮਾਂ ਨੂੰ ਅਪਣਾਉਂਦਾ ਹੈ।

ਮਾਸਟਰ ਅਮਰੀਕ ਸਿੰਘ ਦੇ ਅਨੁਵਾਦ ' ਸ੍ਰੀ ਰਾਮ ਚਰਿਤ ਮਾਨਸ ' ਬਾਰੇ ਲਿਖਦੇ ਹੋਏ ਹਰਿਭਜਨ ਸਿੱਧੂ ਮਾਨਸਾ ਦੇ ਵਿਚਾਰ ਹਨ, "ਰਾਮਾਇਣ (ਅਨੁਵਾਦ) ਬੇਹੱਦ ਰੌਚਕ, ਸਰਲ ਕਵਿਤਾ ਅਤੇ ਸੁੰਦਰ ਸ਼ਬਦਾਵਲੀ ਦਾ ਪੰਜਾਬੀ ਗੁਲਦਸਤਾ ਹੈ, ਜਿਸ ਵਿੱਚੋਂ ਪੜ੍ਹਦਿਆਂ-ਪੜ੍ਹਦਿਆਂ ਪੰਜਾਬੀ ਕਵਿਤਾ ਦੀ ਮਹਿਕ ਮਿਲਦੀ ਹੈ। ਕਵਿਤਾ ਦੀ ਛੰਦਾਵੰਦੀ ਅਤੇ ਛੰਦ ਦੀ ਰਵਾਨੀ ਦੇ ਨਾਲ-ਨਾਲ ਪਾਣੀ ਦੀ ਧਾਰਾ ਵਾਂਗ ਵਹਿੰਦੀ ਇਹ ਪੰਜਾਬੀ ਕਵਿਤਾ ਦਾ ਅੰਸ਼ ਉਦਾਹਰਣ ਹਾਜ਼ਿਰ ਹੈ:

*ਸਾਰੀ ਸਭਾ ਸੀ ਸੋਭਦੀ, ਰਾਜੇ ਰਾਜ ਕੁਮਾਰ।।*
*ਰਾਜ ਕੁਮਾਰੀ ਆ ਗਈ, ਸਭਨਾਂ ਦੇ ਵਿਚਕਾਰ।।*
*ਆਈਆਂ ਨਾਲ ਸਹੇਲੀਆਂ, ਫੜ੍ਹ ਹੱਥੀਂ ਵਰਮਾਲ।।*
*ਕਿਸਦੀ ਕਿਸਮਤ ਜਾਗਦੀ, ਕੁਦਰਤ ਕਰੇ ਕਮਾਲ।।*

ਇਸ ਚੌਤੁਕੇ ਛੰਦ ਵਿੱਚ ਕਵਿਤਾ ਦੀ ਪਹਿਲੀ ਅੱਧੀ ਪੰਕਤੀ ਵਿੱਚ ਸੱਸਾ ਅੱਖਰ ਨਾਲ ਜੋ ਸਮਾਸ ਪੈਦਾ ਕੀਤਾ ਗਿਆ ਹੈ, ਕਾਵਿ ਵਿੱਚ ਇਹ ਬੇਹੱਦ ਖ਼ੂਬਸੂਰਤ ਚਾਲ ਸਿਰਜਦਾ ਹੈ।"

ਮਾਸਟਰ ਅਮਰੀਕ ਸਿੰਘ ਨੇ ਕੋਰੜਾ ਅਤੇ ਵਰਣਿਕ ਸੱਵਯਾ ਛੰਦਾਂ ਦੀ ਵਰਤੋਂ ਵਧੇਰੇ ਕੀਤੀ ਹੈ। ਇਸਦੀ ਵਰਤੋਂ ਦਾ ਸਰੂਪ ਉਹਨਾਂ ਦੀਆਂ ਵੱਖ-ਵੱਖ ਰਚਨਾਵਾਂ ਵਿੱਚੋਂ ਉਜਾਗਰ ਹੁੰਦਾ ਹੈ। ਮਾਤਰਾਵਾਂ ਦੇ ਆਧਾਰ 'ਤੇ ਮਾਸਟਰ ਜੀ ਨੇ ਛੰਦਾਂ ਦਾ ਪ੍ਰਯੋਗ ਨਾ ਕਰਕੇ, ਵਰਣਿਕ ਛੰਦਾਂ ਦੀ ਵਰਤੋਂ ਨੂੰ ਹੋਂਦ ਵਿੱਚ ਲਿਆਂਦਾ ਹੈ।

*ਚੱਲ ਮਨ ਗੁਰਚਰਨੀ ਚਿੱਤ ਲਾਈਏ,*
*ਅਤਿ ਉੱਤਮ ਦਰਬਾਰ ਸੁਣੀਂਦਾ ਉਸ ਡਰ ਸੀਸ ਝੁਕਾਈਏ।*
*ਮੈਂ ਔਗਣ ਹਾਰਾ ਤੂੰ ਗੁਣਵੰਤਾ ਕਵਨ ਕਵਨ ਗੁਣ ਗਾਈਏ,*
*ਰੋਮ ਰੋਮ ਕਿਰਤੱਗ ਹੈ ਮੇਰਾ ਕਿੰਝ ਅਹਿਸਾਨ ਚੁਕਾਈਏ।*
*ਤੂੰ ਦੀਪਕ ਮੈਂ ਨ੍ਹੇਰ ਕੋਠੜੀ ਲੱਗ ਚਰਨੀਂ ਰੁਸ਼ਨਾਈਏ,*
*ਹੋਰ ਕੀ ਅਰਪਣ ਕਰ ਸਕਦੇ ਹਾਂ ਤਨ ਮਨ ਭੇਂਟ ਚੜ੍ਹਾਈਏ।*

ਵਰਣਿਕ ਸੱਵਯਾ ਛੰਦ ਨੂੰ ਵੀ ਕਵੀ ਨੇ ਆਪਣੇ ਅਧਿਆਤਮਵਾਦੀ ਕਾਵਿ-ਧਾਰਾ ਵਿੱਚ ਚਿਤਰਿਆ ਹੈ ਪਰ ਇਸ ਛੰਦ ਨੂੰ ਕਵੀ ਪੂਰੀ ਤਰ੍ਹਾਂ ਨਹੀਂ ਉਭਾਰ ਸਕਿਆ ਹੈ। ਵਰਣਾਂ ਦੀ ਗਿਣਤੀ ਵਿੱਚ ਊਚ-ਨੀਚ ਹੋਇਆ ਹੈ ਪਰ ਤੁਕਾਂਤਕ-ਮੇਲ ਜ਼ਬਰਦਸਤ ਹੈ। ਕਵੀ ਨੇ ਬਾਰਾਮਾਂਹ ਦੀ ਰਚਨਾ ਛੰਦ-ਵਿਧਾਨ ਦੇ ਸਰੂਪ ਵਿੱਚ ਉਭਾਰ ਕੇ ਵੀ ਆਪਣੀ ਕਲਾ ਨੂੰ ਦਰਸ਼ਾਇਆ ਹੈ। ਉਸਦੀ ਰਚਨਾ ਵਿੱਚ ਦੇਸੀ ਮਹੀਨਿਆਂ ਦੇ ਨਾਮ ਨਾਲ ਉਹਨਾਂ ਮਹੀਨਿਆਂ ਦੀਆਂ ਵਿਸ਼ੇਸ਼ਤਾਵਾਂ ਨੂੰ ਚਿਤਰਿਆ ਗਿਆ ਹੈ।

ਵਰਣਾਂ ਦੀ ਜੜ੍ਹਤ ਬਹੁਤ ਸੁੰਦਰ ਅਤੇ ਤੁਕਾਂਤਕ-ਮੇਲ ਸਾਵਧਾਨੀ ਪੂਰਵਕ ਸਿਰਜਿਆ ਗਿਆ ਹੈ। ਜਿੱਥੇ ਰਚਨਾ ਅਧੀਨ ਵਿਸ਼ੇ ਦੇ ਭਾਵਾਂ ਨੂੰ ਸਾਕਾਰ ਰੂਪ ਦਿੱਤਾ ਗਿਆ ਹੈ, ਉੱਥੇ ਹੀ ਛੰਦ-ਬੰਦੀ ਦਾ ਵੀ ਖ਼ਿਆਲ ਰੱਖਿਆ ਗਿਆ ਹੈ। ਸੁੰਦਰ ਵਾਕੰਸ਼ ਆਪਣੇ ਅੰਦਰ ਛੁਪੀ ਤੁਕਾਂਤਕ ਭਾਸ਼ਾ ਰਾਹੀਂ ਉਸ ਮਹੀਨੇ ਦੇ ਸ਼ਬਦ ਚਿੱਤਰ ਅਤੇ ਸਮਾਜ ਚਿੱਤਰ ਉਭਾਰਦੇ ਹੋਏ ਦਿਸਦੇ ਹਨ। ਬੈਂਤ ਛੰਦ ਦੀ ਵਰਤੋਂ ਵੀ ਇਹਨਾਂ ਵਿੱਚ ਕੀਤੀ ਹੋਈ ਹੈ, ਜਿਸਨੂੰ ਮੱਧਕਾਲੀਨ ਪੰਜਾਬੀ ਛੰਦ ਵਿਧਾਨ ਦਾ ਉੱਤਮ ਛੰਦ ਮੰਨਿਆ ਗਿਆ ਹੈ।

*ਮਾਘ ਮਾਂਹ ਬਸੰਤ ਬਹਾਰ ਆਈ, ਪਤਝੜ ਕਦੀਂ ਕਿਸਾਨ ਦੀ ਮੁੱਕਣੀ ਏ।*

*ਖਾਤੇ ਵਧੀ ਜਾਣੇ ਆਮਦਨ ਘਟੀ ਜਾਣੀ, ਨਦੀ ਘਾਟੇ ਦੀ ਕਦੀ ਨਾ ਸੁੱਕਣੀ ਏ।*

*ਫ਼ਸਲ ਵੈਸੇ ਤਾਂ ਮਾਰਦੀ ਬਹੁਤ ਚਾਰ, ਐਪਰ ਵਿਆਜ ਉਹਲੇ ਸਾਰੀ ਲੁੱਕਣੀ ਏ।*

*ਸਾਰੇ ਜਗਤ ਨੂੰ ਅੰਨ ਪੁਚਾਣ ਵਾਲਾ, ਇਹਨੂੰ ਲੱਗੀ ਰਹਿਣੀ ਤੰਗੀ ਤੁੱਖਣੀ ਏ।*

ਮਾਸਟਰ ਅਮਰੀਕ ਸਿੰਘ ਨੇ ਆਪਣੀਆਂ ਗ਼ਜ਼ਲਾਂ ਅਤੇ ਰੁਬਾਈਆਂ ਵਿੱਚ ਸਾਮੀ-ਅਰੂਜ਼ ਪ੍ਰੰਪਰਾ ਨੂੰ ਖ਼ੂਬ ਇਸਤਿਮਾਲ ਕੀਤਾ ਹੈ। ਇਸਦਾ ਖ਼ਿਆਲ ਰੱਖਦੇ ਹੋਏ ਕਵੀ ਨੇ ਹਰਕਤ ਦੇ ਪ੍ਰਭਾਵ ਨੂੰ ਅਸਰ ਵਿੱਚ ਲਿਆਂਦਾ ਹੈ, ਜਿਸ ਅਧੀਨ 'ਮੁਤਹਰੱਕ' ਅਤੇ 'ਸਕਿਨ' ਦਾ ਪ੍ਰਚਲਨ ਬੜਾ ਅਸਰਦਾਰ ਰਿਹਾ ਹੈ। ਅਸਲ ਵਿੱਚ ਛੰਦ-ਬੰਦੀ ਦੇ ਇਹ ਰੂਪ ਕਾਵਿ-ਪ੍ਰਬੰਧ ਦੇ ਉਚਾਰ ਪੱਖ ਦੇ ਨਾਲ ਸਬੰਧਿਤ ਹਨ। ਇਸ ਲਈ ਇਹਨਾਂ ਦਾ ਪ੍ਰਯੋਗ ਗ਼ਜ਼ਲਾਂ ਅਤੇ ਰੁਬਾਈਆਂ ਅਧੀਨ ਜ਼ਿਆਦਾ ਰਿਹਾ ਹੈ। ਮਾਸਟਰ ਜੀ ਦੀਆਂ ਕਾਫ਼ੀ ਰਚਨਾਵਾਂ ਨੂੰ ਇਸ ਪ੍ਰਬੰਧ ਵਿੱਚ ਰੱਖ ਕੇ ਪਰਖਿਆ ਜਾ ਸਕਦਾ ਹੈ।

*ਤੇਰੇ ਬਗ਼ੈਰ ਜੀਣਾ,*
*ਹਰ ਪਲ ਹੀ ਜ਼ਹਿਰ ਪੀਣਾ।*
*ਦਿਲ ਡੋਲਦਾ ਹੈ ਜੀਕਰ,*
*ਮੰਝਧਾਰ ਵਿੱਚ ਸਫ਼ੀਨਾ।*

**ਮਾਸਟਰ ਅਮਰੀਕ ਸਿੰਘ ਦੀਆਂ ਕਵਿਤਾਵਾਂ ਵਿੱਚ ਵਰਤੇ ਗਏ ਅਲੰਕਾਰ**

ਮਾਸਟਰ ਅਮਰੀਕ ਸਿੰਘ ਨੇ ਆਪਣੀਆਂ ਕਾਵਿਕ ਰਚਨਾਵਾਂ ਵਿੱਚ ਅਲੰਕਾਰਾਂ ਦੀ ਵੀ ਸੁਯੋਗ ਵਰਤੋਂ ਕੀਤੀ ਹੈ। ਅਲੰਕਾਰ ਕਾਵਿ-ਸੁਹਜ ਵਿੱਚ ਵਾਧਾ ਕਰਦੇ ਹਨ ਅਤੇ ਇਹ ਸੁਹਜ ਸਹਿਜ ਰੂਪ ਵਿੱਚ ਹੋਵੇ ਤਾਂ ਕਵਿਤਾ ਆਪਣੇ ਅਰਥਾਂ ਅਤੇ ਸੰਚਾਰ ਸਮਰੱਥਾ ਨਾਲ-ਨਾਲ ਸਧਾਰਨ ਤੋਂ ਅਸਧਾਰਨ ਰੂਪ ਦੀ ਧਾਰਨੀ ਬਣ ਜਾਂਦੀ ਹੈ। ਕਵੀ ਦੀਆਂ ਕਵਿਤਾਵਾਂ ਵਿੱਚ ਵੀ ਇਹ ਚਮਤਕਾਰ ਵੇਖਣ ਨੂੰ ਮਿਲਦਾ ਹੈ। ਜਿਵੇਂ ਕਿ ਅਸੀਂ ਪਹਿਲਾਂ ਹੀ ਚਰਚਾ ਕੀਤੀ ਹੈ ਕਿ ਭਾਰਤੀ ਵਿਦਵਾਨਾਂ ਨੇ ਅਲੰਕਾਰ ਦੀ ਅਹਿੰਮੀਅਤ ਨੂੰ ਭਲੀ-ਭਾਂਤ ਸਮਝਿਆ ਹੈ ਅਤੇ ਇਸਦੇ ਪ੍ਰਯੋਗ ਨੂੰ ਕਵਿਤਾ ਦਾ ਇੱਕ ਜ਼ਰੂਰੀ ਤੱਤ ਮੰਨਿਆ ਹੈ। ਇਸਦਾ ਪ੍ਰਯੋਗ ਜ਼ਰੂਰਤ ਅਨੁਸਾਰ ਹੀ ਹੋਣਾ ਵੀ ਜ਼ਰੂਰੀ ਹੈ।

*ਦੀਦਾਰ ਸਤਿਗੁਰਾਂ ਦਾ ਮੱਕੇ ਦੇ ਹੱਜ ਦੇ ਤੁੱਲ ਹੈ,*
*ਇੱਕ ਪਲ ਕਿਤੇ ਜੋ ਹੋਵੇ ਉਸ ਪਲ ਦਾ ਦੱਸ ਕੀ ਮੁੱਲ ਹੈ।*
*ਅਗਿਆਨ ਦੇ ਹਨੇਰੇ ਫ਼ਿਰਦੈ ਭਟਕਦਾ ਕੋਈ,*
*ਦਰਸ਼ਨ ਕਰੇ ਤਾਂ ਉਸਦਾ ਮਿਟਦਾ ਹਨੇਰਾ ਕੁੱਲ ਹੈ।*

ਕਵੀ ਨੇ ਆਪਣੀਆਂ ਰਚਨਾਵਾਂ ਨੂੰ ਸੁੰਦਰ ਅਲੰਕਾਰਾਂ ਦੇ ਸਹਿਜ ਵਿੱਚ ਵਿਚਾਰਿਆ ਹੈ। ਪੂਰੀ ਦੀ ਪੂਰੀ ਰਚਨਾ ਵਿੱਚ ਅਲੰਕਾਰਾਂ ਦਾ ਪ੍ਰਯੋਗ ਨਹੀਂ ਕੀਤਾ ਗਿਆ ਹੈ ਬਲਕਿ ਸੁੰਦਰ ਕਾਵਿ-ਪੰਕਤੀਆਂ ਬਣਾਉਣ ਲਈ ਲੋੜ ਅਨੁਸਾਰ ਹੀ ਇਸਨੂੰ ਪ੍ਰਯੋਗ ਵਿੱਚ ਲਿਆਂਦਾ ਗਿਆ ਹੈ। ਇਸਦਾ ਭਾਵ ਇਹ ਹੋਇਆ ਕਿ ਕਵੀ ਦੀਆਂ ਅਧਿਆਤਮਵਾਦੀ ਕਾਵਿ-ਧਾਰਾਵਾਂ ਵਿੱਚ ਇਸਦਾ ਪ੍ਰਯੋਗ ਨਿਰੇ ਸਜਾਵਟ ਅਤੇ ਸੁਹਜ ਭਾਵ ਪੈਦਾ ਕਰਨ ਲਈ ਹੀ ਨਹੀਂ ਕੀਤਾ ਗਿਆ ਬਲਕਿ ਇਸਦੀ ਢੁੱਕਵੀਂ ਲੋੜ ਦਾ ਵੀ ਖ਼ਾਸ ਖ਼ਿਆਲ ਰੱਖਿਆ ਗਿਆ ਹੈ। ਆਪਣੇ ਇਸ਼ਟ ਸਤਿਗੁਰੂ ਦੇ ਬਾਰੇ ਗੱਲ ਕਰਦਿਆਂ ਕਵੀ ਦੇ ਬੋਲ ਹਮੇਸ਼ਾ ਉਪਮਾ ਦੇ ਲਿਖਾਇਕ ਰਹੇ ਹਨ, ਭਾਵ ਕਿ ਪ੍ਰਸ਼ੰਸ਼ਾ ਅਤੇ ਵਡਿਆਈ ਨੂੰ ਵਿਚਰਦੇ ਰਹੇ ਹਨ ਪਰ ਇਹਨਾਂ ਵਿਚਾਰਾਂ ਨੂੰ ਵੀ ਤੁਲਨਾ ਦੀ ਕਸੌਟੀ 'ਤੇ ਕਵੀ ਨੇ ਅਲੰਕਾਰਕ ਅਹਿੰਮੀਅਤ ਅਧੀਨ ਵਿਚਾਰਿਆ ਹੈ।

ਕਵੀ ਦੁਆਰਾ ਵਰਤੇ ਗਏ ਅਲੰਕਾਰਾਂ ਦਾ ਪ੍ਰਭਾਵ ਉਸਦੀਆਂ ਅਨੁਵਾਦਿਤ ਰਚਨਾਵਾਂ ਵਿੱਚ ਵੀ ਵੇਖਣ ਨੂੰ ਮਿਲਦਾ ਹੈ। ਇਹਨਾਂ ਦਾ ਸਫ਼ਲ ਪ੍ਰਯੋਗ ਕਰਕੇ ਕਵੀ ਨੇ ਭਾਸ਼ਾਈ ਸੰਜਮ ਦਾ ਪ੍ਰਮਾਣ ਵੀ ਦਿੱਤਾ ਹੈ। ਹਾਲਾਂਕਿ ਇਹਨਾਂ ਦਾ ਪ੍ਰਯੋਗ ਸੰਪੂਰਨ ਰਚਨਾਵਾਂ ਵਿੱਚ ਵੇਖਣ ਨੂੰ ਨਹੀਂ ਮਿਲਦਾ ਪਰ ਪ੍ਰਭਾਵ ਅਧੀਨ ਆਈਆਂ ਕਾਵਿ-ਸਤਰਾਂ ਕਾਵਿ-ਕਲਾ ਦੀ ਸੁੰਦਰਤਾ ਨੂੰ ਵਧਾ ਦਿੰਦੀਆਂ ਹਨ। ਕਵੀ ਨੇ ਇਸ ਅਧੀਨ ਉਪਮਾ ਅਤੇ ਰੂਪਕ ਦੋਵਾਂ ਅਲੰਕਾਰਾਂ ਦਾ ਪ੍ਰਯੋਗ ਕੀਤਾ ਹੈ। ਸ਼ਬਦਾਂ ਦੀ ਚੋਣ ਬੜੇ ਸਪਸ਼ੱਟ ਅਰਥਾਂ ਅਧੀਨ ਕੀਤੀ ਗਈ ਹੈ, ਇਸ ਲਈ ਇਸਦਾ ਪ੍ਰਭਾਵ ਜ਼ਿਆਦਾ ਪੈਂਦਾ ਹੈ ਅਤੇ ਇਸਦੇ ਨਾਲ ਹੀ ਕਵੀ ਨੇ ਕਾਵਿ-ਸੰਚਾਰ ਸਮਰੱਥਾ ਵਿੱਚ ਵੀ ਵਾਧਾ ਕੀਤਾ ਹੈ।

*ਪਾਂਡੂ ਦਾ ਜੇਠਾ ਪੁੱਤਰ ਯੁਵ ਰਾਜ ਯੁਧਿਸ਼ਟਰ ਬਣਿਆ,*
*ਗੁਣਾਂ ਦੇ ਕਰਕੇ ਉਹ ਜਾਂਦਾ ਸੀ ਚੰਗਿਆਂ ਦੇ ਵਿੱਚ ਗਣਿਆ।*
*ਖ਼ਾਸ ਅਧਿਕਾਰ ਮਿਲੇ ਸਨ ਉਸਨੂੰ ਜੋ ਯੁਵਰਾਜ ਦੇ ਹੁੰਦੇ,*
*ਸੀਲ ਸੁਭਾਅ ਤੇ ਸੱਤਵਾਦੀ ਸੀ ਪਿਆਰ ਸਭਸ ਨੂੰ ਵੰਡੇ।*

ਕਵੀ ਦੀ ਕਾਵਿ-ਧਾਰਾ ਗੁਰੂ-ਦਰਸ਼ਨ ਦੇ ਇਰਧ-ਗਿਰਧ ਵੀ ਆਪਣੀ ਅਲੰਕ੍ਰਿਤ ਸ਼ੈਲੀ ਨੂੰ ਨਿਖਾਰਦੀ ਹੈ। ਉਸਦੀਆਂ ਰਚਨਾਵਾਂ ਅਧੀਨ ਗੁਰੂ ਦਰਸ਼ਨ ਤੋਂ ਉਪਜੇ ਭਾਵਾਂ ਨੂੰ ਬਹੁਤ ਖ਼ੂਬਸੂਰਤ ਅਲੰਕਾਰਾਂ ਨਾਲ ਸਜਾਇਆ ਗਿਆ ਹੈ। ਵਡਿਆਈ ਤੁਲਨਾਤਮਿਕ ਤੌਰ 'ਤੇ ਕੀਤੀ ਗਈ ਹੈ ਅਤੇ ਇਸ ਵਿੱਚ ਰੂਪਕ ਅਤੇ ਉਪਮਾ ਅਲੰਕਾਰਾਂ ਦਾ ਪ੍ਰਯੋਗ ਕੀਤਾ ਗਿਆ ਹੈ। ਰੂਪਕ ਅਲੰਕਾਰ ਦੇ ਤੱਤਾਂ ਨੂੰ ਤਰਜੀਹ ਦੇ ਕੇ ਪੇਸ਼ ਕੀਤਾ ਗਿਆ ਹੈ ਅਤੇ ਉਪਮਾ ਅਲੰਕਾਰ ਦੇ ਤੱਤਾਂ ਵਿੱਚੋਂ ਇੱਕ ਤੱਤ ਹਮੇਸ਼ਾ ਨਾਲ ਨਹੀਂ ਚਲਦਾ, ਜਿਸ ਦੇ ਮੱਦੇ ਨਜ਼ਰ ਇਹ ਵੀ ਆਖਿਆ ਜਾ ਸਕਦਾ ਹੈ ਕਿ ਕਵੀ ਨੇ ਪੂਰਨ ਉਪਮਾ ਦੀ ਜਗ੍ਹਾ ਜ਼ਿਆਦਾਤਰ ਲੁਪਤ ਉਪਮਾ ਦੀ ਵਰਤੋਂ ਕੀਤੀ ਹੈ।

### ਮਾਸਟਰ ਅਮਰੀਕ ਸਿੰਘ ਦੀਆਂ ਕਵਿਤਾਵਾਂ ਵਿੱਚ ਵਰਤੇ ਗਏ ਰਸ

ਰਸ ਨੂੰ ਕਾਵਿ-ਕਲਾ ਦਾ ਸਰਵੋਤਮ ਤੱਤ ਮੰਨਿਆ ਗਿਆ ਹੈ। ਰਸ ਸ਼ਾਸ਼ਤਰੀਆਂ ਦਾ ਵਿਚਾਰ ਹੈ ਕਿ ਜਿਸ ਕਾਵਿ ਵਿੱਚ ਰਸ ਹੀ
ਨਹੀਂ ਹੈ ਉਹ ਕਾਵਿ ਹੀ ਨਹੀਂ ਹੈ। ਇਸ ਅਧੀਨ ਰਚੀਆਂ ਗਈਆਂ ਰਚਨਾਵਾਂ ਹੀ ਪਾਠਕਾਂ ਅਤੇ ਸ੍ਰੋਤਿਆਂ ਦੇ ਦਿਲਾਂ ਦੀਆਂ ਗਹਿਰਾਈਆਂ ਵਿੱਚ ਉਤਰਦੀਆਂ ਹਨ ਅਤੇ ਸੰਚਾਰ-ਸਮਰੱਥਾ ਦੀਆਂ ਧਾਰਨੀ ਬਣਦੀਆਂ ਹਨ। ਨੀਰਸ ਕਵਿਤਾ ਵਾਰਤਕ ਦੀ ਸ਼੍ਰੇਣੀ ਵਿੱਚ ਆ ਜਾਂਦੀ ਹੈ, ਜਿਸ ਕਾਰਨ ਕਵਿਤਾ ਆਪਣੀ ਅਸਲ ਹੋਂਦ ਤੋਂ ਪਰੇ ਚਲੀ ਜਾਂਦੀ ਹੈ।

ਮਾਸਟਰ ਅਮਰੀਕ ਸਿੰਘ ਦੀਆਂ ਰਚਨਾਵਾਂ ਵਿੱਚ ਰਸ ਸੰਪਰਦਾਇ ਦੀ ਪਰਿਭਾਸ਼ਾ ਨੂੰ ਪੂਰਨ ਰੂਪ ਵਿੱਚ ਸਾਕਾਰ ਰੂਪ ਦਿੱਤਾ ਗਿਆ ਹੈ। ਕਵੀ ਦੀਆਂ ਰਚਨਾਵਾਂ ਵਿੱਚ ਜਿੱਥੇ ਛੰਦ ਅਤੇ ਅਲੰਕਾਰ ਉਚਿੱਤ ਰੂਪ ਵਿੱਚ ਵਰਤੇ ਗਏ ਹਨ, ਉੱਥੇ ਹੀ ਰਸ ਦੇ ਵੱਖਰੇ-ਵੱਖਰੇ ਰੂਪ ਵੇਖਣ ਨੂੰ ਮਿਲਦੇ ਹਨ। ਉਸਦੀਆਂ ਰਚਨਾਵਾਂ ਵਿੱਚ ਨੀਰਸਤਾ ਦਾ ਨਾਮੋ-ਨਿਸ਼ਾਨ ਨਹੀਂ ਹੈ ਬਲਕਿ ਕਾਵਿ-ਪਾਠ ਤੋਂ ਸਰੋਧੀ ਰਸ ਪ੍ਰਾਪਤ ਹੁੰਦਾ ਹੈ। ਕਵੀ ਨੇ ਆਪਣੇ-ਆਪ ਸੰਚਾਲਿਤ ਭਾਵਾਂ ਨੂੰ ਰਸ ਦੇ ਅਧੀਨ ਕੀਤਾ ਹੈ, ਜਿਸ ਨਾਲ ਉਸਦੀਆਂ ਰਚਨਾਵਾਂ ਵਿੱਚ ਸ਼ਬਦਾਂ ਅਤੇ ਵਾਕੰਸ਼ਾਂ ਦੀ ਜੜ੍ਹਤ ਇਨੀਂ ਪ੍ਰਬਲ ਹੈ ਕਿ ਇਹ ਸਾਰੀ ਰਚਨਾ ਦਾ ਸਾਰ ਦਿੰਦੇ ਹੋਏ ਹੀ ਲਗਦੇ ਹਨ ਅਤੇ ਪਾਠਕ ਨੂੰ ਰਸ ਦੀ ਪ੍ਰਾਪਤੀ ਹੁੰਦੀ ਹੈ।

ਕਵੀ ਦੀਆਂ ਪਲੇਠੀਆਂ ਰਚਨਾਵਾਂ ਵਿੱਚ ਸ਼ਿੰਗਾਰ ਰਸ ਦੀ ਪ੍ਰਧਾਨਤਾ ਰਹੀ ਹੈ। ਬਲਕਿ ਇਹ ਕਹਿ ਲਿਆ ਜਾਵੇ ਤਾਂ ਕੋਈ ਅਤਿਥਨੀ ਨਹੀਂ ਹੋਵੇਗੀ ਕਿ ਕਵੀ ਨੇ ਆਪਣੀਆਂ ਰਚਨਾਵਾਂ ਜ਼ਿਆਦਾਤਰ ਆਪਣੇ ਇਸ਼ਟ ਸਤਿਗੁਰੂ ਦੇ ਸਨਮੁੱਖ ਕੀਤੀਆਂ ਹਨ ਹਨ ਤਾਂ ਵਾਰ-ਵਾਰ ਉਸਦੀਆਂ ਰਚਨਾਵਾਂ ਵਿੱਚ ਸ਼ਿੰਗਾਰ ਰਸ ਝਲਕਦਾ ਰਹਿੰਦਾ ਹੈ ਅਤੇ ਪਾਠਕਾਂ ਦੇ ਦਿਲ ਦੀਆਂ ਗਹਿਰਾਈਆਂ ਵਿੱਚ ਉੱਤਰਦਾ ਹੈ। ਕਵੀ ਦੀਆਂ ਰਚਨਾਵਾਂ ਸ਼ਿੰਗਾਰ ਭਿੱਜੇ ਵਾਕੰਸ਼ਾਂ ਅਤੇ ਸ਼ਬਦਾਂ ਦੀ ਜੜ੍ਹਤ ਨਾਲ ਭਰਪੂਰ ਹੁੰਦੀਆਂ ਹਨ। ਪ੍ਰੀਤ ਜਾਂ ਰਤੀ ਭਾਵ ਸ਼ਿੰਗਾਰ ਰਸ ਦੇ ਮੂਲ ਵਿੱਚ ਹੈ, ਜਿਸ ਪੱਖੋਂ ਕਵੀ ਦੀ ਆਪਣੇ ਸਤਿਗੁਰੂ ਨਾਲ ਪ੍ਰੀਤ ਨੂੰ ਬਹੁਤ ਉੱਚ-ਵਿਚਾਰੀ ਸਥਾਨ ਮਿਲਦਾ ਹੈ। ਉਹ ਆਪਣੇ ਸਤਿਗੁਰੂ ਦੇ ਭਾਵਾਂ ਵਿੱਚ ਖ਼ੁਦ ਨੂੰ ਰੰਗਦਾ ਹੈ ਤਾਂ ਇਸਦਾ ਅਸਰ ਹੋਰ ਗਹਿਰਾ ਹੁੰਦਾ ਜਾਪਦਾ ਹੈ।

*ਉਹਦਾ ਪਾਇਆ ਜਾਂ ਦੀਦਾਰ ਮਨ ਦੀ ਮੈਲ ਗਈ,*
*ਸੁਣੀ ਮਿੱਠੀ ਗੁਫ਼ਤਾਰ ਜਮ ਦੀ ਗੈਲ ਗਈ।*
*ਜਦੋਂ ਪਾਇਆ ਉਹਦਾ ਨੇੜ ਮਿਟੀ ਸਗਲੀ ਤ੍ਰੇੜ,*
*ਮੁੱਕਾ ਆਉਣ ਜਾਣ ਗੇੜ ਕਾਇਆ ਕਲਪ ਭਈ।*

ਕਵੀ ਨੇ ਆਪਣੀਆਂ ਰਚਨਾਵਾਂ ਵਿੱਚ ਜਿੱਥੇ ਸ਼ਿੰਗਾਰ ਰਸ ਨੂੰ ਰੂਪਵਾਨ ਕੀਤਾ ਹੈ, ਉੱਥੇ ਹੀ ਵਿਅੰਗ ਕਾਵਿ ਅਧੀਨ ਹਾਸ ਰਸ ਨੂੰ ਵੀ ਉਪਜਿਆ ਹੈ। ਹਾਸੇ ਤੋਂ ਹੀ ਹਾਸ ਰਸ ਪੈਦਾ ਹੁੰਦਾ ਹੁੰਦਾ ਹੈ, ਜਿਸਦਾ ਸਥਾਈ ਭਾਵ ਵੀ ਹਾਸਾ ਹੀ ਹੈ। ਸਾਹਿਤ ਦਾ ਉਹ ਰੂਪ ਜਿਸਨੂੰ ਪੜ੍ਹ ਕੇ ਹਾਸੋ-ਹੀਣਾ ਮਾਹੌਲ ਸਿਰਜਿਆ ਜਾਂਦਾ ਹੈ, ਉਸਦੇ ਵਿੱਚ ਹਾਸ ਰਸ ਵਿਦਮਾਨ ਹੁੰਦਾ ਹੈ। ਮਾਸਟਰ ਅਮਰੀਕ ਸਿੰਘ ਦੀਆਂ ਰਚਨਾਵਾਂ ਵਿੱਚ ਹਾਸਾ ਉਸਾਰੂ ਰੂਪ ਨਾਲ ਸਿਰਜਿਆ ਹੋਇਆ ਹੈ। ਉਸਦੀਆਂ ਕਵਿਤਾਵਾਂ ਵਿੱਚ ਕਿ ਅਣ-ਮੇਲ ਗੱਲਾਂ, ਘਟਨਾਵਾਂ, ਹਰਕਤਾਂ ਆਦਿ ਵਾਪਰਦੀਆਂ ਹਨ। ਕਵੀ ਨੇ ਇਹਨਾਂ ਨੂੰ ਇਕੱਠਾ ਕਰਕੇ ਅਤੇ ਸੁਯੋਗ ਸ਼ਬਦਾਂ ਨੂੰ ਵਰਤ ਕੇ ਹਾਸ ਰਸ ਦੇ ਸਥਾਈ ਭਾਵ ਨੂੰ ਪੇਸ਼ ਕੀਤਾ ਹੈ। ਕਵੀ ਨੇ ਹਾਸੋ-ਹੀਣੇ ਭਾਵਾਂ ਨਾਲ ਪਾਠਕਾਂ ਦੇ ਆਸ-ਪਾਸ ਦੇ ਸਮਾਜ ਦੇ ਕੁਝ ਅਜਿਹੇ ਪਹਿਲੂਆਂ ਨੂੰ ਸਾਕਾਰ ਰੂਪ ਦਿੱਤਾ ਹੈ, ਜਿਸਨੂੰ ਵੇਖਦੇ ਅਸੀਂ ਸਾਰੇ ਹੀ ਹਾਂ ਪਰ ਕਾਵਿ-ਰਚਨਾ ਵਿੱਚ ਢਾਲ ਕੇ ਇਸਦੇ ਰੂਪ ਨੂੰ ਗੂੜ੍ਹਾ ਕਰਨ ਦਾ ਕਾਰਜ ਸਿਰਫ਼ ਕਵੀ ਹੀ ਕਰ ਸਕਦਾ ਹੈ। ਉਸਨੇ ਘਟਨਾਵਾਂ ਨੂੰ ਇਨੀਂ ਸੁੰਦਰ ਤਰਤੀਬ ਦਿੱਤੀ ਹੈ ਕਿ ਇਹ ਘਟਨਾਵਾਂ ਹਾਸੇ ਦੇ ਨਿਰੋਲ ਰੂਪ ਨੂੰ ਸਾਹਮਣੇ ਲੈ ਕੇ ਆਉਂਦੀਆਂ ਹਨ।

ਕਵੀ ਦੀਆਂ ਹਾਸ ਰਸ ਵਾਲੀਆਂ ਰਚਨਾਵਾਂ ਦੀ ਖ਼ਾਸੀਅਤ ਇਹ ਵੀ ਹੈ ਕਿ ਉਸਦੀਆਂ ਰਚਨਾਵਾਂ ਵੱਡ-ਆਕਾਰੀ ਹਨ ਅਤੇ ਆਪਣੇ ਅੰਦਰ ਇੱਕ ਨਿੱਕੀ ਕਹਾਣੀ ਨੂੰ ਸਮੋਏ ਹੋਏ ਹਨ। ਇਸ ਕਹਾਣੀ ਦੀ ਵਿਉਂਤ ਇਸ ਤਰ੍ਹਾਂ ਦੀ ਹੈ ਕਿ ਜਾਂ ਤਾਂ ਇਸਦੇ ਵਿੱਚੋਂ ਨਿਰੋਲ ਹਾਸਾ ਉਪਜਦਾ ਹੈ ਅਤੇ ਜਾਂ ਫ਼ਿਰ ਹਾਸੇ ਦੇ ਨਾਲ-ਨਾਲ ਵਿਅੰਗ ਵੀ ਸਾਕਾਰ ਹੁੰਦਾ ਹੈ। ਉਂਝ ਹਾਸਾ ਕਈ ਤਰ੍ਹਾਂ ਦਾ ਹੁੰਦਾ ਹੈ। ਕਰੁਣਾ ਰਸ ਵੀ ਕਵੀ ਦੀਆਂ ਰਚਨਾਵਾਂ ਵਿੱਚੋਂ ਝਲਕਦਾ ਹੈ। ਕਰੁਣਾ ਰਸ ਵਿੱਚ ਤਰਸ, ਦਇਆ ਅਤੇ ਹਮਦਰਦੀ ਦੇ ਭਾਵਾਂ ਦੀ ਪ੍ਰਧਾਨਤਾ ਹੁੰਦੀ ਹੈ। ਸ਼ੋਕ ਇਸਦਾ ਸਥਾਈ ਭਾਵ ਹੈ। ਮਾਸਟਰ ਅਮਰੀਕ ਸਿੰਘ ਦੀਆਂ ਰਚਨਾਵਾਂ ਵਿੱਚ ਇਹ ਭਾਵ ਉਕਰਦਾ ਹੈ ਅਤੇ ਸ਼ੋਕ ਦੀ ਅਭਿਵਿਅਕਤੀ ਕਰਦਾ ਹੈ। ਕਵੀ ਦੀਆਂ ਰਚਨਾਵਾਂ ਵਿੱਚ ਮਨਚਾਹੀ ਚੀਜ਼ ਦੇ ਨਾ ਮਿਲਣ ਅਤੇ ਅਣਚਾਹੀ ਚੀਜ਼

ਦੀ ਪ੍ਰਾਪਤੀ ਦੇ ਭਾਵ ਵੇਖੇ ਜਾ ਸਕਦੇ ਹਨ। ਸ਼ੋਕ ਦਾ ਅਨੁਭਵ ਕਵੀ ਦੀਆਂ ਰਚਨਾਵਾਂ ਵਿੱਚ ਤੀਬਰ ਗਤੀ ਦਾ ਧਾਰਨੀ ਨਹੀਂ ਹੈ ਪਰ ਇੱਕ ਸਥਾਈ ਰੂਪ ਵਿੱਚ ਵਹਿੰਦਾ ਜ਼ਰੂਰ ਹੈ। ਉਸਦੀਆਂ ਜ਼ਿਆਦਾਤਰ ਰਚਨਾਵਾਂ ਆਤਮਿਕ ਭਾਵਾਂ ਦੇ ਨਾਲ ਹੀ ਬੰਨ੍ਹੀਆਂ ਹੋਈਆਂ ਹਨ, ਇਸ ਲਈ ਕਰੁਣਾ ਦੇ ਭਾਵ ਦੂਰ ਨਾ ਵਹਿ ਕੇ ਉਸਦੇ ਆਸ-ਪਾਸ ਹੀ ਵਿਚਰਦੇ ਹਨ। ਉਸਦੀਆਂ ਰਚਨਾਵਾਂ ਵਿੱਚ ਹਮਦਰਦੀ ਅਤੇ ਸੰਵੇਦਨਾ ਭਾਰੀ ਹੈ, ਜੋ ਇਸ ਰਸ ਦੇ ਖ਼ਾਸ ਤੱਤ ਹਨ।

*ਕਿਓਂ ਬੈਠਾ ਹੈਂ ਧੌਣ ਝੁਕਾਈ, ਮਨ ਮੇਰੇ ਕੁਝ ਧੀਰਜ ਧਾਰ,*
*ਮੰਝਦਾਰ ਤੂਫ਼ਾਨਾਂ ਵਿੱਚੋਂ ਹੋ ਜਾਏਗਾ ਬੇੜਾ ਪਾਰ।*
*ਪੈਂਡਾ ਬਾਕੀ ਅਜੇ ਬਥੇਰਾ, ਪਾਰ ਝਨਾਓਂ ਯਾਰ ਦਾ ਡੇਰਾ,*
*ਅੱਧੀ ਰਾਤ ਤੇ ਘੁੱਪ ਹਨੇਰਾ ਹੁਣੇ ਹੀ ਬੈਠੋਂ ਹਿੰਮਤ ਹਾਰ।।*

ਰੌਦਰ ਰਸ ਕਾਵਿ ਦੇ ਅੰਦਰ ਬਿਰਾਜਮਾਨ ਇੱਕ ਅਜਿਹਾ ਤੱਤ ਹੈ, ਜਿਸਦਾ ਅਸਥਾਈ ਭਾਵ ਕ੍ਰੋਧ ਜਾਂ ਗੁੱਸਾ ਹੈ। ਕਵੀ ਨੇ ਇਸ ਰਸ ਦੀ ਵਰਤੋਂ ਬਹੁਤੀਆਂ ਕਾਵਿ-ਰਚਨਾਵਾਂ ਵਿੱਚ ਨਹੀਂ ਕੀਤੀ ਹੈ ਪਰ ਇਤਿਹਾਸਿਕ ਘਟਨਾਵਾਂ ਨੂੰ ਚਿਤਰਦਿਆਂ ਇਸਦਾ ਪ੍ਰਯੋਗ ਬਾਖ਼ੂਬੀ ਕੀਤਾ ਹੈ। ਸਰਦਾਰ ਮਹਾਂ ਸਿੰਘ ਦੀ ਵਾਰ ਵਿੱਚ ਕਵੀ ਨੇ ਇਸਦੇ ਸਥਾਈ ਭਾਵ ਨੂੰ ਵਰਤ ਕੇ ਮਾਈ ਭਾਗੋ ਦੇ ਚਰਿੱਤਰ ਦੀ ਉਸ ਵਿਸ਼ੇਸ਼ਤਾ ਨੂੰ ਉਭਾਰਿਆ ਹੈ, ਜਿੱਥੇ ਉਹ ਗੁਰੂ ਦਸ਼ਮੇਸ਼ ਦੇ ਉਪਦੇਸ਼ਾਂ ਤੋਂ ਉੱਖੜੇ ਸਿੰਘਾਂ ਨੂੰ ਰਣ ਵਿੱਚ ਜੂਝ ਮਰਨ ਦੇ ਉਪਦੇਸ਼ ਨਾਲ ਨਵਾਜ਼ ਰਹੀ ਹੈ। ਰੌਦਰ ਰਸ ਦੇ ਨਾਲ ਜੁੜੇ ਬੋਲਾਂ ਵਿੱਚੋਂ ਕਵੀ ਨੇ ਮਾਈ ਭਾਗੋ ਦੇ ਕਿਰਦਾਰ ਨੂੰ ਉਭਾਰਿਆ ਹੈ ਅਤੇ ਰੌਦਰ ਰਸ ਦੇ ਸਥਾਈ ਭਾਵ ਦੀ ਨਿਯੁਕਤੀ ਕੀਤੀ ਹੈ।

*ਭਾਗੋ ਮਾਂ ਨੇ ਮਿਹਣਿਆਂ ਦਾ ਮੀਂਹ ਵਰਸਾਇਆ,*
*ਸਿਰਾਂ 'ਤੇ ਲੈ ਲੋ ਚੁੰਨੀਆਂ ਕਿਓਂ ਮਰਦ ਕਹਾਇਆ,*
*ਤੁਸਾਂ ਅਸਾਡੀ ਜੱਦ ਨੂੰ ਹੈ ਦਾਗ਼ ਲਗਾਇਆ,*
*ਸੁਣ ਕੇ ਪਿਛਾਂਹ ਨੂੰ ਪਰਤਿਆ ਜੱਥਾ ਸ਼ਰਮਾਇਆ,*
*ਖਦਰਾਣੇ ਦੀ ਢਾਬ ਵੱਲ ਨੂੰ ਜਲਦ ਸਿਧਾਇਆ,*
*ਰਣ ਤੱਤੇ ਵਿੱਚ ਪਹੁੰਚ ਕੇ ਖੰਡਾ ਖੜਕਾਇਆ।*

ਵੀਰ ਰਸ ਮੱਧਕਾਲੀ ਪੰਜਾਬੀ ਸਾਹਿਤ ਦੀਆਂ ਵਾਰਾਂ ਦਾ ਇੱਕ ਅਹਿੰਮ ਤੱਤ ਰਿਹਾ ਹੈ। ਸੂਰਬੀਰ ਯੋਧਿਆਂ ਨੂੰ ਜੰਗ ਵਿੱਚ ਜਾਣ ਲਈ ਮਾਨਸਿਕ ਪੱਖੋਂ ਤਿਆਰ ਕਰਨ ਵੱਜੋਂ ਵੀਰ ਰਸੀ ਕਵਿਤਾਵਾਂ ਅਤੇ ਵਾਰਾਂ ਗਾਈਆਂ ਜਾਂਦੀਆਂ ਸਨ, ਜੋ ਉਹਨਾਂ ਨੂੰ ਜੋਸ਼ ਨਾਲ ਭਰ ਦਿੰਦੀਆਂ ਸਨ। ਕਵੀ ਨੇ ਵਾਰ ਸਾਹਿਤ ਦੇ ਕੁਝ ਰੂਪਾਂ ਵਿੱਚ ਇਸ ਰਸ ਦੀ ਵਰਤੋਂ ਕੀਤੀ ਹੈ। ਸਰਦਾਰ ਮਹਾਂ ਸਿੰਘ ਦੀ ਵਾਰ ਵਿੱਚ ਜਿੱਥੇ ਸਾਨੂੰ ਰੌਦਰ ਰਸ ਦੀ ਅਨੁਭੂਤੀ ਹੁੰਦੀ ਹੈ, ਉੱਥੇ ਵੀਰ ਰਸ ਵੀ ਵੇਖਣ ਨੂੰ ਮਿਲਦਾ ਹੈ। ਉਤਸ਼ਾਹ ਭਰੇ ਲਫ਼ਜ਼ਾਂ ਵਿੱਚ ਕਵੀ ਨੇ ਜੰਗ ਦੇ ਮੈਦਾਨ ਵਿੱਚ ਜੂਝਣ ਵਾਲੇ ਯੋਧਿਆਂ ਦੀ ਗਾਥਾ ਨੂੰ ਸਿਰਜਿਆ ਹੈ, ਜਿਸ ਵਿੱਚੋਂ ਸਰੋਧੀ ਰੂਪ ਵਿੱਚ ਵੀਰ ਰਸ ਉਪਜਦਾ ਹੈ।

*ਰੱਜ ਕੇ ਉਹਨਾਂ ਵੈਰੀਆਂ ਦਾ ਆਹੂ ਲਾਹਿਆ,*
*ਪਾਈ ਸ਼ਹੀਦੀ ਸੂਰਿਆਂ ਨੇ ਇੰਝ ਬਖ਼ਸ਼ਾਇਆ,*
*ਦਸਮ ਪਿਤਾ ਨੇ ਵੇਖ-ਵੇਖ ਬਹੁਤ ਪਿਆਰ ਜਤਾਇਆ,*
*ਮਹਾਂ ਸਿੰਘ ਸੀ ਸਹਿਕਦਾ ਜਦੋਂ ਗੁਰਾਂ ਤਕਾਇਆ,*
*ਵੇਖ ਕੇ ਆਪਣੇ ਗੋਡਿਆਂ 'ਤੇ ਸੀਸ ਟਿਕਾਇਆ,*
*ਆਖੇ ਮੰਗ ਲੈ ਮਹਾਂ ਸਿਹਾਂ ਅੱਜ ਦਿਆਂ ਜੋ ਚਾਹਿਆ।*

## ਸਿੱਟਾ

ਕਵੀ ਨੇ ਆਪਣੀਆਂ ਰਚਨਾਵਾਂ ਵਿੱਚ ਭਾਰਤੀ ਛੰਦ-ਵਿਧਾਨ ਨੂੰ ਜਿੱਥੇ ਗੌਣ ਰੂਪ ਵਿੱਚ ਅਪਣਾਇਆ ਹੈ, ਉੱਥੇ ਸਾਮੀ ਅਰੂਜ਼ ਨੂੰ ਵੀ ਅਪਣਾਇਆ ਹੈ। ਇੱਥੇ ਇੱਕ ਗੱਲ ਜ਼ਿਕਰ ਕਰਨ ਯੋਗ ਹੈ ਕਿ ਕਵੀ ਨੇ ਆਪਣੀਆਂ ਰਚਨਾਵਾਂ ਦਾ ਘੇਰਾ ਛੰਦ-ਬੰਦੀ ਵਿੱਚ ਹੀ ਨਹੀਂ ਬਲਕਿ ਹਰਕਤ, ਮਿਸ਼ਰਾ, ਸ਼ੇਅਰ ਅਤੇ ਰੁਕਨ ਦੇ ਪ੍ਰਭਾਵ ਅਧੀਨ ਵੀ ਰਚਿਆ ਹੈ। ਉਸਨੇ ਮਾਤ੍ਰਿਕ ਛੰਦਾਂ ਦੀ ਜਗ੍ਹਾ ਵਰਣਿਕ ਛੰਦਾਂ ਦੇ ਪ੍ਰਭਾਵ ਨੂੰ ਜ਼ਿਆਦਾ ਕਬੂਲਿਆ ਹੈ। ਕਵੀ ਨੇ ਕੋਰੜਾ ਅਤੇ ਵਰਣਿਕ ਸੱਵਯਾ ਛੰਦ ਵਿਧਾਨ ਅਧੀਨ ਰਚਨਾਵਾਂ ਰਚੀਆਂ ਹਨ। ਉਸਦੀਆਂ ਰਚਨਾਵਾਂ ਦੇ ਵਿੱਚ ਇਹਨਾਂ ਦੀ ਹੋਂਦ ਭਾਵੇਂ ਜ਼ਿਆਦਾ ਵੇਖਣ ਨੂੰ ਨਹੀਂ ਮਿਲਦੀ ਪਰ ਗ਼ਜ਼ਲਾਂ, ਰੁਬਾਈਆਂ ਵਿੱਚ ਸਾਮੀ ਅਰੂਜ਼ ਦਾ ਪ੍ਰਭਾਵ ਸਪਸ਼ੱਟ ਰੂਪ ਵੀ ਵੇਖਿਆ ਜਾ ਸਕਦਾ ਹੈ।

ਕਵੀ ਨੇ ਅਲੰਕਾਰਾਂ ਦੀ ਸੁਯੋਗ ਵਰਤੋਂ ਕੀਤੀ ਹੈ। ਕਾਵਿ-ਸ਼ਾਸ਼ਤਰੀ ਅਲੰਕਾਰ ਨੂੰ ਕਵਿਤਾ ਦਾ ਸਭ ਤੋਂ ਅਹਿੰਮ ਤੱਤ ਮੰਨਦੇ ਹਨ। ਉਹਨਾਂ ਦਾ ਵਿਚਾਰ ਹੈ ਕਿ ਇਸ ਤੋਂ ਬਿਨਾਂ ਕਾਵਿ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਮਾਸਟਰ ਅਮਰੀਕ ਸਿੰਘ ਦੀਆਂ ਰਚਨਾਵਾਂ ਵਿਚ ਵੀ ਇਸ ਅਨੁਭਵ ਨੂੰ ਅਪਣਾਇਆ ਗਿਆ ਹੈ ਪਰ ਕਵੀ ਨੇ ਸਪਸ਼ੱਟ ਰੂਪ ਵਿੱਚ ਇਸਨੂੰ ਅਪਨਾਉਣ ਦੇ ਲਿਹਾਜ਼ ਵੱਜੋਂ ਲੋੜ ਤੋਂ ਵਧੇਰੇ ਇਸ ਦੀ ਵਰਤੋਂ ਵੱਲ ਜ਼ੋਰ ਨਹੀਂ ਦਿੱਤਾ ਹੈ। ਉਸਦੀਆਂ ਰਚਨਾਵਾਂ ਵਿੱਚ ਸਰਲਤਾ ਦੇ ਅੰਸ਼ ਹਨ। ਇਸ ਲਈ ਕਵੀ ਨੇ ਅਲੰਕਾਰਾਂ ਦਾ ਪ੍ਰਯੋਗ ਜ਼ਰੂਰਤ ਅਨੁਸਾਰ ਹੀ ਕੀਤਾ ਹੈ। ਆਪਣੀਆਂ ਕਾਵਿ-ਸਤਰਾਂ ਨੂੰ ਲੋੜ ਅਨੁਸਾਰ ਸ਼ਬਦਾਂ ਦੀ ਵਰਤੋਂ ਵਿੱਚ ਲਿਆਂਦਾ ਹੈ, ਜੋ ਕਿ ਸੁਭਾਵਿਕ ਜਾਪਦਾ ਹੈ। ਇਸ ਲਈ ਅਲੰਕਾਰਾਂ ਦਾ ਸੁਭਾਵਿਕ ਪ੍ਰਯੋਗ ਕਾਵਿ-ਰਚਨਾ 'ਤੇ ਬੋਝ ਨਹੀਂ ਜਾਪਦਾ ਅਤੇ ਇਸਦੀ ਮੁੱਢਲੀ ਹੋਂਦ 'ਤੇ ਵੀ ਵਾਰ ਨਹੀਂ ਕਰਦਾ ਹੈ। ਕਵੀ ਨੇ ਇਸ ਲਿਹਾਜ਼ ਦੇ ਨਾਲ ਆਪਣੀਆਂ ਰਚਨਾਵਾਂ ਵਿੱਚ ਉਪਮਾ ਅਤੇ ਰੂਪਕ ਅਲੰਕਾਰਾਂ ਨੂੰ ਸਾਕਾਰ ਕੀਤਾ ਹੈ।

ਰਸ ਦੇ ਸਿਧਾਂਤ ਦੀ ਵੀ ਕਵੀ ਨੇ ਕਾਵਿ-ਰਚਨਾਵਾਂ ਵਿੱਚ ਪਾਲਣਾ ਕੀਤੀ ਹੈ। ਜਿੱਥੇ ਰਸ ਸ਼ਾਸ਼ਤਰੀ ਰਸ ਨੂੰ ਕਾਵਿ ਦਾ ਸਭ ਤੋਂ ਅਹਿੰਮ ਤੱਤ

ਮੰਨਦੇ ਹਨ, ਉੱਥੇ ਕਵੀ ਨੇ ਵੀ ਇਸ ਸਿਧਾਂਤ ਨੂੰ ਪੂਰਨ ਰੂਪ ਵਿੱਚ ਅਪਣਾਇਆ ਹੈ ਅਤੇ ਆਪਣੀਆਂ ਰਚਨਾਵਾਂ ਨੂੰ ਰਸ ਵਿਭੋਰ ਬਣਾਇਆ ਹੈ। ਕਵੀ ਦੀਆਂ ਰਚਨਾਵਾਂ ਵਿੱਚ ਇਸਦੇ ਵੱਖੋ-ਵੱਖਰੇ ਉਦਾਹਰਣ ਵੇਖਣ ਨੂੰ ਮਿਲਦੇ ਹਨ। ਸ਼ਿੰਗਾਰ ਰਸ ਨੂੰ ਕਵੀ ਨੇ ਤਵੱਜੋ ਦਿੱਤੀ ਹੈ ਅਤੇ ਇਸਦੇ ਪ੍ਰਭਾਵ ਅਧੀਨ ਕਾਫ਼ੀ ਰਚਨਾਵਾਂ ਰਚੀਆਂ ਹਨ। ਇਸ ਤਰ੍ਹਾਂ ਕਰਦੇ ਹੋਏ ਕਵੀ ਕਾਵਿ ਨੂੰ ਪਾਠਕ ਦੇ ਨਜ਼ਰੀਏ ਤੋਂ ਆਨੰਦਮਈ ਬਣਾ ਦਿੰਦਾ ਹੈ। ਸ਼ਿੰਗਾਰ ਰਸ ਦੇ ਨਾਲ-ਨਾਲ ਕਵੀ ਨੇ ਹਾਸ-ਰਸ ਦੇ ਅਧੀਨ ਵਿਅੰਗਮਈ ਅਤੇ ਨਿਰੋਲ ਹਾਸ-ਰਸੀ ਕਵਿਤਾਵਾਂ ਦੀ ਰਚਨਾ ਕੀਤੀ ਹੈ। ਇਸਤੋਂ ਇਲਾਵਾ ਕਵੀ ਨੇ ਕਰੁਣਾ ਰਸ, ਰੌਦਰ ਰਸ ਅਤੇ ਵੀਰ ਰਸ ਨੂੰ ਵੀ ਆਪਣੀਆਂ ਕੁਝ ਕਵਿਤਾਵਾਂ ਦੀ ਆਤਮਾ ਵਿੱਚ ਸ਼ਾਮਿਲ ਕੀਤਾ ਹੈ। ਕਵੀ ਦੇ ਇਸ ਪੱਖੋਂ ਰਚਨਾਵਾਂ ਨੂੰ ਸਰੋਧੀ ਰੂਪ ਦਿੱਤਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਅਮਰੀਕ ਸਿੰਘ, (ਮਾ.), (2009), 'ਗੁਰ ਗੀਤਾਂਜਲੀ', ਉਡਾਨ ਪਬਲੀਕੇਸ਼ਨਜ਼, ਮਾਨਸਾ।
2. ਅਮਰੀਕ ਸਿੰਘ, (ਮਾ.), (2019) 'ਗੁਰ ਸਿਫ਼ਤਾਂਜਲੀ', ਉਡਾਨ ਪਬਲੀਕੇਸ਼ਨਜ਼, ਮਾਨਸਾ।
3. ਅਮਰੀਕ ਸਿੰਘ, (ਮਾ.), (2019) 'ਦਰਸ਼ਨੁ ਭੇਟਤ ਹੋਤ ਨਿਹਾਲ', ਤਸਵੀਰ ਪ੍ਰਕਾਸ਼ਨ, ਕਾਲਾਂਵਾਲੀ।
4. ਸਿੰਘ, ਪ੍ਰੇਮ ਪ੍ਰਕਾਸ਼, (1976), 'ਭਾਰਤੀ ਕਾਵਿ-ਸ਼ਾਸਤਰ', ਲਾਹੌਰ ਬੁੱਕ ਸ਼ਾਪ, ਲੁਧਿਆਣਾ।
5. ਜੱਗੀ, ਰਤਨ ਸਿੰਘ, (ਸੰਪਾ.), (1988), 'ਸਹਿਤ ਅਧਿਐਨ ਪ੍ਰਣਾਲੀਆਂ', ਪਬਲੀਕੇਸ਼ਨ ਬਿਉਰੋ, ਪੰਜਾਬੀ ਯੂਨਿਵਰਸਿਟੀ, ਪਟਿਆਲਾ।
6. ਜੀਵਨ ਸਿੰਘ (ਸੰਪਾ.), (1983), 'ਸੰਪੂਰਨ ਕਾਵਿ ਸੰਗ੍ਰਹਿ', ਲਾਹੌਰ ਬੁੱਕ ਸ਼ਾਪ, ਲੁਧਿਆਣਾ।
7. ਪ੍ਰੀਤਮ ਸੈਨੀ, (1970), 'ਮਨਮੋਹਨ ਸਿੰਘ ਅਤੇ ਅੰਮ੍ਰਿਤਾ ਪ੍ਰੀਤਮ: ਇੱਕ ਤੁਲਨਾਤਮਕ ਅਧਿਐਨ', ਲਾਹੌਰ ਬੁੱਕ ਸ਼ਾਪ, ਲੁਧਿਆਣਾ।
8. ਬਦਨ, ਬਲਦੇਵ ਸਿੰਘ, (1996), 'ਪੰਜਾਬੀ ਸੂਫ਼ੀ ਕਾਵਿ ਦਾ ਬਿੰਬ ਵਿਧਾਨ', ਨੈਸ਼ਨਲ ਬੁੱਕ ਸ਼ਾਪ, ਦਿੱਲੀ।
9. ਬਲਜੀਤ ਕੌਰ, (1982), 'ਆਧੁਨਿਕ ਪੰਜਾਬੀ ਕਾਵਿ ਵਿੱਚ ਸੁਹਜ ਸੰਵੇਦਨਾ', ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
10. ਬਲਜੀਤ ਕੌਰ, (1986), 'ਆਧੁਨਿਕ ਪੰਜਾਬੀ ਕਾਵਿ: ਸੁਹਜ ਦ੍ਰਿਸ਼ਟੀ', ਦੀਪਕ ਪਬਲਿਸ਼ਰਜ਼, ਜਲੰਧਰ।
11. ਬਲਜੀਤ ਕੌਰ, (2007), 'ਵੀਹਵੀਂ ਸਦੀ ਦੀ ਪੰਜਾਬੀ ਕਵਿਤਾ', (ਸਰੂਪ ਤੇ ਵਿਕਾਸ) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
12. ਬ੍ਰਿਜਪਾਲ ਸਿੰਘ, (1989), 'ਪ੍ਰਗਤੀਵਾਦੀ ਸੌਂਦਰਯ ਬੋਧ ਅਤੇ ਪੰਜਾਬੀ ਪ੍ਰਗਤੀਵਾਦੀ ਕਵਿਤਾ', ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
13. ਵਰਮਾ, ਸਤੀਸ਼ ਕੁਮਾਰ, (ਡਾ.), (1986), 'ਪ੍ਰੋ. ਪੂਰਨ ਸਿੰਘ ਦੀ ਕਵਿਤਾ ਦਾ ਸੁਹਜਾਤਮਿਕ ਵਿਵੇਚਨ', ਪੰਜਾਬੀ ਯੂਨੀਵਰਸਿਟੀ, ਪਟਿਆਲਾ।